## ਅੰਤਿਕਾ ਸੀ: ਖਾਲੀ ਕਰਨ ਲਈ ਤਿਆਰ ਰਹਿਣ ਦਾ ਨਮੂਨਾ

### ਖਾਲੀ ਕਰਨ ਲਈ ਤਿਆਰ ਰਹਿਣਾ

_______________________________________________ ਦੇ ਐਮਰਜੰਸੀ ਓਪਰੇਸ਼ਨਜ਼ ਸੈਂਟਰ (ਈ ਓ ਸੀ) ਵਲੋਂ ਇਲਾਕੇ ਨੂੰ ਖਾਲੀ ਕਰਨ ਲਈ ਤਿਆਰ ਰਹਿਣ ਦਾ ਆਦੇਸ਼ ਜਾਰੀ ਕੀਤਾ ਗਿਆ ਹੈ।

_____________________________________________________ ਜ਼ਿੰਦਗੀ ਅਤੇ ਸਿਹਤ ਨੂੰ ਸੰਭਾਵੀ ਖਤਰੇ ਕਾਰਨ, ________ ਨੇ ਅੱਗੇ ਲਿਖੇ ਇਲਾਕਿਆਂ ਨੂੰ ਖਾਲੀ ਕਰਨ ਲਈ ਤਿਆਰ ਰਹਿਣ ਦਾ ਆਦੇਸ਼ ਜਾਰੀ ਕੀਤਾ ਹੈ।

- *ਭੂਗੋਲਿਕ ਵੇਰਵਾ, ਸਮੇਤ ਉਨ੍ਹਾਂ ਹੱਦਾਂ ਅਤੇ ਪ੍ਰਾਪਰਟੀਆਂ ਦੇ ਜਿਨ੍ਹਾਂ 'ਤੇ ਸੰਭਵ ਤੌਰ 'ਤੇ ਅਸਰ ਪੈ ਸਕਦਾ ਹੈ।*

ਖਾਲੀ ਕਰਨ ਲਈ ਤਿਆਰ ਰਹਿਣ ਦਾ ਆਦੇਸ਼, ਤੁਹਾਨੂੰ ਆਪਣਾ ਘਰ ਜਾਂ ਪ੍ਰਾਪਰਟੀ ਖਾਲੀ ਕਰਨ ਲਈ ਤਿਆਰੀ ਕਰਨ ਲਈ ਜਾਰੀ ਕੀਤਾ ਗਿਆ ਹੈ, ਜੇ ਅਜਿਹਾ ਕਰਨਾ ਜ਼ਰੂਰੀ ਹੋਇਆ।

ਖਾਲੀ ਕਰਵਾਉਣ ਤੋਂ ਪਹਿਲਾਂ ਵਸਨੀਕਾਂ ਨੂੰ ਜਿੰਨਾ ਵੀ ਸੰਭਵ ਹੋਇਆ ਅਗਾਊਂ ਨੋਟਿਸ ਦਿੱਤਾ ਜਾਵੇਗਾ; ਪਰ ਬਦਲਦੀਆਂ ਹਾਲਤਾਂ ਕਾਰਨ ਹੋ ਸਕਦਾ ਤੁਹਾਨੂੰ ਥੋੜ੍ਹੇ ਸਮੇਂ ਦਾ ਨੋਟਿਸ ਮਿਲੇ।

- *ਖਾਲੀ ਕਰਨ ਦੇ ਸੰਭਾਵੀ ਰੂਟ ਦਾ ਨਕਸ਼ਾ ਜਾਂ ਵੇਰਵਾ ਅਤੇ ਖਾਲੀ ਕਰਨ ਲਈ ਤਿਆਰ ਰਹਿਣ ਦੇ ਆਦੇਸ਼ ਵਾਲੇ ਇਲਾਕੇ ਦਾ ਨਕਸ਼ਾ ਦਿਉ।*

### *ਖਾਲੀ ਕਰਨ ਲਈ ਤਿਆਰ ਰਹਿਣ ਦਾ ਅਲਰਟ ਲਾਗੂ ਹੋਣ ਦੌਰਾਨ ਤੁਹਾਨੂੰ ਕੀ ਕਰਨਾ ਚਾਹੀਦਾ ਹੈ*

**ਅਲਰਟ** ਦੇ ਐਲਾਨ ਦੇ ਸਮੇਂ ਤੁਹਾਨੂੰ ਇਹ ਚੀਜ਼ਾਂ ਕਰਕੇ ਖਾਲੀ ਕਰਨ ਦੇ ਆਰਡਰ ਲਈ ਤਿਆਰ ਹੋਣਾ ਚਾਹੀਦਾ ਹੈ:

- ਪਰਿਵਾਰ ਦੇ ਸਾਰੇ ਮੈਂਬਰਾਂ ਜਾਂ ਸਾਥੀ ਵਰਕਰਾਂ ਨੂੰ ਲੱਭ ਕੇ ਅਤੇ ਖਾਲੀ ਕਰਨ ਵਾਲੀ ਥਾਂ ਤੋਂ ਬਾਹਰ ਕਿਸੇ ਰਿਸੈਪਸ਼ਨ ਸੈਂਟਰ ਨੂੰ ਮਿੱਥ ਕੇ, ਜੇ ਅਲੱਗ ਹੋਣ ਦੌਰਾਨ ਖਾਲੀ ਕਰਨ ਦਾ ਆਰਡਰ ਹੁੰਦਾ ਹੈ।
- ਜ਼ਰੂਰੀ ਚੀਜ਼ਾਂ ਇਕੱਠੀਆਂ ਕਰਕੇ ਜਿਵੇਂ ਕਿ ਦਵਾਈਆਂ, ਐਨਕਾਂ, ਮਹੱਤਵਪੂਰਨ ਪੇਪਰ (ਜਿਵੇਂ ਇਨਸ਼ੋਰੈਂਸ), ਨਿਰਭਰਾਂ ਦੀ ਸੰਭਾਲ ਦੀਆਂ ਜ਼ਰੂਰੀ ਲੋੜਾਂ ਅਤੇ, ਜੇ ਤੁਸੀਂ ਚਾਹੋ ਤਾਂ ਹੋਰ ਨਿਸ਼ਾਨੀਆਂ (ਫੋਟੋਆਂ ਆਦਿ)। ਇਨ੍ਹਾਂ ਚੀਜ਼ਾਂ ਨੂੰ ਤੇਜ਼ੀ ਨਾਲ ਚੁੱਕ ਕੇ ਲਿਜਾਣ ਲਈ ਤਿਆਰ ਰੱਖੋ।
- ਕਿਸੇ ਅਪਾਹਜ ਵਿਅਕਤੀ ਅਤੇ/ਜਾਂ ਬੱਚਿਆਂ ਨੂੰ ਮੂਵ ਕਰਨ ਦੀ ਤਿਆਰੀ ਕਰਕੇ।
- ਪਾਲਤੂ ਜਾਨਵਰਾਂ ਅਤੇ ਫਾਰਮ ਦੇ ਜਾਨਵਰਾਂ ਨੂੰ ਸੁਰੱਖਿਅਤ ਥਾਂ 'ਤੇ ਮੂਵ ਕਰਕੇ।
- ਖਾਲੀ ਕਰਨ ਦਾ ਹੁਕਮ ਜਾਰੀ ਹੋਣ ਦੀ ਸੂਰਤ ਵਿਚ ਆਪਣੇ ਘਰ ਦੇ ਮੈਂਬਰਾਂ ਜਾਂ ਸਾਥੀ ਵਰਕਰਾਂ ਨੂੰ ਲਿਜਾਣ ਦਾ ਪ੍ਰਬੰਧ ਕਰਕੇ। ਜੇ ਤੁਹਾਨੂੰ ਏਰੀਏ ਤੋਂ ਲਿਜਾਣ ਵਿਚ ਮਦਦ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ_________________'ਤੇ ਫੋਨ ਕਰੋ।
- ਜੇ ਸੰਭਵ ਹੋਵੇ ਤਾਂ ਆਪਣੇ ਪਰਿਵਾਰ ਲਈ ਰਿਹਾਇਸ਼ ਦਾ ਪ੍ਰਬੰਧ ਕਰਕੇ। ਖਾਲੀ ਕਰਨ ਦੀ ਸੂਰਤ ਵਿਚ, ਜੇ ਲੋੜ ਹੋਵੇ ਤਾਂ ਰਿਸੈਪਸ਼ਨ ਸੈਂਟਰ ਖੁਲ੍ਹੇ ਰਹਿਣਗੇ।
- ਖਾਲੀ ਕਰਨ ਦੇ ਆਰਡਰਾਂ ਅਤੇ ਰਿਸੈਪਸ਼ਨ ਸੈਂਟਰਾਂ ਦੇ ਸਥਾਨਾਂ ਬਾਰੇ ਜਾਣਕਾਰੀ ਲੈਣ ਲਈ ਖਬਰਾਂ ਦੇ ਵਸੀਲਿਆਂ 'ਤੇ ਨਿਗਰਾਨੀ ਰੱਖਕੇ।

ਹੋਰ ਜਾਣਕਾਰੀ ________________________________'ਤੇ ਦਿੱਤੀ ਜਾਵੇਗੀ ਜਾਂ ਜੇ ਹਾਲਤ ਬਦਲ ਜਾਂਦੀ ਹੈ ________________________________________ ਦੇਖੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ: ______________________________________________

____________________________________________

______________________________

# ਅੰਤਿਕਾ ਡੀ: ਖਾਲੀ ਕਰਨ ਦੇ ਆਰਡਰ ਦਾ ਨਮੂਨਾ

## ਖਾਲੀ ਕਰਨ ਦਾ ਆਰਡਰ ਜਾਰੀ ਹੋਣਾ
## ( )

_______________________ ਦੇ ਅਨੁਸਾਰ _______________________ਵਲੋਂ ਖਾਲੀ ਕਰਨ ਦਾ ਆਰਡਰ ਜਾਰੀ ਕੀਤਾ ਗਿਆ ਹੈ ਜੋ ਕਿ _______________________ ਕਾਰਨ ਜ਼ਿੰਦਗੀ ਨੂੰ ਫੌਰੀ ਖਤਰੇ ਕਾਰਨ ਜਾਰੀ ਕੀਤਾ ਗਿਆ ਹੈ। _______________________ ਦੇ ਮੈਂਬਰ ਇਸ ਆਰਡਰ 'ਤੇ ਫੌਰਨ ਕਾਰਵਾਈ ਕਰਨਗੇ।

ਖਾਲੀ ਕਰਨ ਦਾ ਆਰਡਰ ਅੱਗੇ ਲਿਖੇ ਇਲਾਕਿਆਂ 'ਤੇ ਲਾਗੂ ਹੈ:

- *ਭੂਗੋਲਿਕ ਵੇਰਵਾ ਸਮੇਤ ਉਨ੍ਹਾਂ ਹੱਦਾਂ ਅਤੇ ਪ੍ਰਾਪਰਟੀਆਂ ਦੇ ਜਿਨ੍ਹਾਂ 'ਤੇ ਅਸਰ ਪਿਆ ਹੈ।*

- *ਖਾਲੀ ਕੀਤੇ ਜਾਣ ਵਾਲੇ ਇਲਾਕੇ ਅਤੇ ਖਾਲੀ ਕਰਨ ਦੇ ਰੂਟ ਦਾ ਨਕਸ਼ਾ ਦਿਉ।*

**ਤੁਹਾਨੂੰ ਕੀ ਕਰਨਾ ਚਾਹੀਦਾ ਹੈ:**

- ਤੁਹਾਡੇ ਲਈ **ਫੌਰਨ** ਇਲਾਕਾ ਛੱਡ ਕੇ ਜਾਣਾ ਜ਼ਰੂਰੀ ਹੈ
- ਦਿੱਤੇ ਗਏ ਰੂਟ ਦੀ ਪਾਲਣਾ ਕਰੋ ਅਤੇ _______________________'ਤੇ ਰਜਿਸਟਰ ਹੋਵੋ
- ਜੇ ਤੁਹਾਨੂੰ ਇਲਾਕੇ ਤੋਂ ਜਾਣ ਵਿਚ ਮਦਦ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਇਹ ਨੋਟਿਸ ਦੇਣ ਵਾਲੇ ਨੂੰ ਦੱਸੋ ਜਾਂ ਫੋਨ ਕਰੋ_______________________
- ਸਾਰੀਆਂ ਖਿੜਕੀਆਂ ਅਤੇ ਦਰਵਾਜ਼ੇ ਬੰਦ ਕਰੋ
- ਗੈਸ ਅਤੇ ਬਿਜਲੀ ਦੇ ਸਾਰੇ ਅਪਲਾਇੰਸ ਬੰਦ ਕਰੋ, ਫਰਿੱਜਾਂ ਅਤੇ ਫਰੀਜ਼ਰਾਂ ਤੋਂ ਬਿਨਾਂ
- ਗੇਟ ਬੰਦ ਕਰੋ ਪਰ ਜਿੰਦੇ ਨਾ ਲਾਉ
- ਆਪਣੇ ਪਰਿਵਾਰ ਨੂੰ ਇਕੱਠਾ ਕਰੋ: ਕਿਸੇ ਗੁਆਂਢੀ ਜਾਂ ਹੋਰ ਨੂੰ ਲਿਜਾਉ ਜਿਸ ਨੂੰ ਮਦਦ ਦੀ ਲੋੜ ਹੋਵੇ
- ਜ਼ਰੂਰੀ ਚੀਜ਼ਾਂ ਸਿਰਫ ਤਾਂ ਹੀ ਲਵੋ (ਦਵਾਈ, ਪਰਸ, ਬਟੂਆ, ਅਤੇ ਚਾਬੀਆਂ) ਜੇ ਇਹ ਫੌਰਨ ਚੁੱਕੀਆਂ ਜਾ ਸਕਦੀਆਂ ਹੋਣ। ਪਾਲਤੂ ਜਾਨਵਰਾਂ ਨੂੰ ਪੈੱਟ ਕੈਨਲਾਂ ਵਿਚ ਜਾਂ ਰੱਸੀ ਪਾ ਕੇ ਲਿਜਾਉ।
- ਲੋੜ ਨਾਲੋਂ ਜ਼ਿਆਦਾ ਗੱਡੀਆਂ ਨਾ ਵਰਤੋ।
- ਜੇ ਤੁਹਾਨੂੰ ਐਮਰਜੰਸੀ ਸਰਵਿਸ ਦੀ ਲੋੜ ਨਾ ਹੋਵੇ ਤਾਂ ਟੈਲੀਫੋਨ ਨਾ ਵਰਤੋ।

## ਤੁਹਾਡੇ ਲਈ ਫੌਰਨ ਇਲਾਕਾ ਛੱਡ ਕੇ ਜਾਣਾ ਜ਼ਰੂਰੀ ਹੈ

ਹੋਰ ਜਾਣਕਾਰੀ ਲਈ ਸੰਪਰਕ ਕਰੋ: _______________________________
_______________________________
_______________________

## ਅੰਤਿਕਾ ਈ: ਖਾਲੀ ਕਰਨ ਦਾ ਆਰਡਰ ਰੱਦ ਹੋਣ ਦਾ ਨਮੂਨਾ

**ਖਾਲੀ ਕਰਨ ਦਾ ਆਰਡਰ ਰੱਦ ਹੋਣਾ**

*(______________________________)*

ਖਾਲੀ ਕਰਨ ਦਾ ਆਰਡਰ ਜੋ ਕਿ ____________________ ਮੁਤਾਬਕ ______________________ ਨੂੰ ________________ ਇਲਾਕਿਆਂ ਲਈ ਜਾਰੀ ਕੀਤਾ ਗਿਆ ਸੀ, ਰੱਦ ਹੋ ਗਿਆ ਹੈ। ____________________

ਖਾਲੀ ਕਰਨ ਦਾ ਆਰਡਰ ਦੁਬਾਰਾ ਜਾਰੀ ਕਰਨ ਦੀ ਲੋੜ ਪੈ ਸਕਦੀ ਹੈ: ਪਰ ਜੇ ਅਜਿਹਾ ਕਰਨਾ ਜ਼ਰੂਰੀ ਹੋਇਆ ਤਾਂ ਇਹ ਸਾਰੀ ਕਾਰਵਾਈ ਮੁੜ ਤੋਂ ਸ਼ੁਰੂ ਕੀਤੀ ਜਾਵੇਗੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ: ______________________________________________

______________________________________________

______________________________